# ਘੁਟਾਲਿਆਂ ਬਾਰੇ ਗਾਹਕਾਂ ਵਾਸਤੇ ਮਹੱਤਵਪੂਰਣ ਜਾਣਕਾਰੀ।

ਪਿਆਰੇ ਗਾਹਕੋ,

ਵਿਸ਼ਵਾਸ ਅਤੇ ਸੁਰੱਖਿਆ ਸਾਡੇ ਲਈ ਤਰਜੀਹ ਹਨ।

ਸਮੇਂ-ਸਮੇਂ ਤੇ, ਅਸੀਂ ਅਜਿਹੀਆਂ ਉਦਾਹਰਣਾਂ ਵੇਖਦੇ ਹਾਂ ਜਿੱਥੇ ਕੋਈ ਗਾਹਕ ਦਬਾਅ ਹੇਠ ਹੁੰਦਾ ਹੈ, ਕਿਸੇ ਤੀਜੀ ਧਿਰ ਦੁਆਰਾ ਵਿੱਤੀ ਲੈਣ-ਦੇਣ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਾਂ ਹੇਰਾਫੇਰੀ ਕੀਤੀ ਜਾਂਦੀ ਹੈ। ਕਦੇ-ਕਦਾਈਂ ਅਪਰਾਧੀ, ਗਾਹਕ ਦੇ ਨਾਲ ਸ਼ਾਖਾ ਵਿੱਚ ਜਾਂਦੇ ਹਨ, ਜਾਂ ਇਹ ਯਕੀਨੀ ਬਨਾਉਣ ਲਈ ਫ਼ੋਨ ਉੱਤੇ ਹਿਦਾਇਤਾਂ ਪ੍ਰਦਾਨ ਕਰਦੇ ਹਨ ਕਿ ਵਿੱਤੀ ਲੈਣ-ਦੇਣ ਪੂਰਾ ਹੋ ਜਾਵੇ।

ਇਹ ਘੁਟਾਲੇ ਕਈ ਰੂਪਾਂ ਵਿੱਚ ਆਉਂਦੇ ਹਨ ਅਤੇ ਬਹੁਤ ਪੇਸ਼ਾਵਰ ਹੋ ਸਕਦੇ ਹਨ। ਗਾਹਕਾਂ ਨੂੰ ਚੌਕਸ ਅਤੇ ਸੁਚੇਤ ਰਹਿਣਾ ਚਾਹੀਦਾ ਹੈ, ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰਨੀ ਚਾਹੀਦੀ ਹੈ।

## ਚੇਤਾਵਨੀ ਦੇ ਚਿੰਨ੍ਹ ਅਤੇ ਲਾਲ ਝੰਡੇ।

ਘਪਲੇਬਾਜ਼ ਅਕਸਰ ਛੇਤੀ ਕਰਨ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਛੋਟੀਆਂ ਸਮਾਂ ਸੀਮਾਵਾਂ, ਜਾਅਲੀ ਐਮਰਜੈਂਸੀ, ਕਾਨੂੰਨੀ ਕਾਰਵਾਈ ਦੀਆਂ ਧਮਕੀਆਂ ਜਾਂ ਪੁਲਿਸ ਬਲ, ਬੈਂਕ ਜਾਂ ਸਰਕਾਰੀ ਵਿਭਾਗ ਦੇ ਨੁਮਾਇੰਦੇ ਵਜੋਂ ਪੇਸ਼ ਹੋ ਕੇ ਗਾਹਕਾਂ ਉੱਤੇ ਦਬਾਅ ਪਾ ਕੇ ਅਜਿਹਾ ਕਰਦੇ ਹਨ।

## ਘੁਟਾਲਿਆਂ ਦੀਆਂ ਕਿਸਮਾਂ।

**ਆਮ ਘੁਟਾਲਿਆਂ ਵਿੱਚ ਇਹ ਸ਼ਾਮਲ ਹਨ:**

- ਸੂਚਨਾ ਤਕਨੀਕ(ਇਨਫਰਮੇਸ਼ਨ ਤਕਨਾਲੋਜੀ) ਅਤੇ ਦੂਰੋਂ ਬੈਠ ਕੇ ਪਹੁੰਚ (ਰਿਮੋਟ ਐਕਸੈਸ) (ਤੁਹਾਡੇ ਕੰਪਿਊਟਰ, ਮੋਬਾਈਲ ਜਾਂ ਹੋਰ ਇਲੈਕਟ੍ਰੌਨਿਕ ਡਿਵਾਈਸ ਤੱਕ)
- ਨਿਵੇਸ਼
- ਡੇਟਿੰਗ ਅਤੇ ਰੋਮਾਂਸ
- ਅਣਕਿਆਸੇ ਪੈਸੇ ਜਾਂ ਜਿੱਤਾਂ
- ਜਾਅਲੀ ਦਾਨ ਸੰਸਥਾਵਾਂ (ਚੈਰਿਟੀਆਂ)
- ਖਰੀਦਣਾ ਜਾਂ ਵੇਚਣਾ
- ਨੌਕਰੀਆਂ ਅਤੇ ਰੁਜ਼ਗਾਰ
- ਧਮਕੀਆਂ ਅਤੇ ਜਬਰੀ ਵਸੂਲੀ
- ਤੁਹਾਡੀ ਨਿੱਜੀ ਜਾਣਕਾਰੀ ਪ੍ਰਾਪਤ ਕਰਨ ਦੀਆਂ ਹੋਰ ਕੋਸ਼ਿਸ਼ਾਂ

ਅਸੀਂ ਕਦੇ ਵੀ ਟੈਲੀਫੋਨ ਜਾਂ ਈਮੇਲ ਰਾਹੀਂ ਤੁਹਾਡੇ ਕੋਲੋਂ ਪਿੰਨ, ਪਾਸਵਰਡ ਜਾਂ ਨੈੱਟਬੈਂਕ ਐਸ ਐਮ ਐਸ ਕੋਡ ਦੀ ਮੰਗ ਨਹੀਂ ਕਰਾਂਗੇ। ਜੇ ਕੌਮਬੈਂਕ ਤੋਂ ਹੋਣ ਦਾ ਦਾਅਵਾ ਕਰਨ ਵਾਲਾ ਕੋਈ ਵਿਅਕਤੀ ਤੁਹਾਨੂੰ ਸੰਪਰਕ ਕਰਦਾ ਹੈ, ਜੋ ਇਹ ਜਾਣਕਾਰੀ ਮੰਗਦਾ ਹੈ ਜਾਂ ਕੋਈ ਅਜਿਹਾ ਵਿਅਕਤੀ ਜਿਸ ਬਾਰੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ, ਤਾਂ ਅੱਗੇ ਨਾ ਵਧੋ ਅਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਪੁਸ਼ਟੀ ਕਰਨ ਲਈ ਸਾਨੂੰ ਫੋਨ ਕਰੋ।

## ਹੋਰ ਵਧੇਰੇ ਕਿੱਥੋਂ ਪਤਾ ਕਰਨਾ ਹੈ।

ਮੌਜੂਦਾ ਘੁਟਾਲਿਆਂ ਬਾਰੇ ਅਗਲੇਰੀ ਸਿੱਖਿਆ ਅਤੇ ਜਾਣਕਾਰੀ ਵਾਲੇ ਬਹੁਤ ਸਾਰੇ ਔਨਲਾਈਨ ਸਰੋਤ ਹਨ, ਜਿੰਨ੍ਹਾਂ ਵਿੱਚ www.commbank.com.au/scams ਅਤੇ www.scamwatch.gov.au ਸ਼ਾਮਲ ਹਨ।

ਵੱਡੀ ਉਮਰ ਦੇ ਗਾਹਕਾਂ ਨੂੰ ਬਜ਼ੁਰਗਾਂ ਦੇ ਸ਼ੋਸ਼ਣ, ਘੁਟਾਲਿਆਂ ਅਤੇ ਧੋਖਾਧੜੀ ਨੂੰ ਸਮਝਣ ਅਤੇ ਬਚਣ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਸਾਡੀ ਗਾਈਡ ਦੀ ਕਾਪੀ ਵਾਸਤੇ ਕੌਮਬੈਂਕ ਵੈੱਬਸਾਈਟ ਉੱਤੇ ਤੁਸੀਂ 'ਸੇਫ ਐਂਡ ਸੈਵੀ' ਦੀ ਵੀ ਤਲਾਸ਼ ਕਰ ਸਕਦੇ ਹੋ। ਜੇ ਤੁਹਾਨੂੰ ਉਪਰੋਕਤ ਸਰੋਤਾਂ ਵਿੱਚੋਂ ਕਿਸੇ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਿਸੇ ਵੀ ਕੌਮਬੈਂਕ ਸ਼ਾਖਾ ਵਿੱਚ ਜਾਓ।

## ਮਦਦ ਕਰਨ ਲਈ ਅਸੀਂ ਇੱਥੇ ਮੌਜੂਦ ਹਾਂ।

ਜੇ ਤੁਹਾਨੂੰ ਆਪਣੇ ਖਾਤਿਆਂ ਉੱਤੇ ਅਣਅਧਿਕਾਰਤ ਲੈਣ-ਦੇਣ ਜਾਂ ਗੈਰ-ਸਾਧਾਰਣ ਵਿਵਹਾਰ ਦਾ ਪਤਾ ਲੱਗਦਾ ਹੈ, ਜਾਂ ਕੌਮਬੈਂਕ ਤੋਂ ਸੰਪਰਕ ਦੀ ਪੁਸ਼ਟੀ ਕਰਨ ਦੀ ਲੋੜ ਹੈ, ਤਾਂ ਤੁਸੀਂ ਸਾਨੂੰ **13 2221 (ਵਿਦੇਸ਼ਾਂ ਤੋਂ +61 2 9999 3283) ਉੱਤੇ ਕਿਸੇ ਵੀ ਸਮੇਂ ਫੋਨ ਕਰ ਸਕਦੇ ਹੋ,** ਜਾਂ **ਆਪਣੀ ਸਥਾਨਕ ਸ਼ਾਖਾ ਵਿੱਚ ਜਾ ਸਕਦੇ ਹੋ।**

ਤੁਸੀਂ ਬੈਂਕ ਦੀ ਘੁਟਾਲਾ ਟੀਮ ਨੂੰ ਵੀ 1800 023 919 ਉੱਤੇ ਫੋਨ ਕਰ ਸਕਦੇ ਹੋ। ਵਿਕਲਪ 2 ਚੁਣੋ, ਫਿਰ ਵਿਕਲਪ 1 (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ - ਸ਼ਾਮ 7 ਵਜੇ ਤੱਕ, ਸ਼ਨੀਵਾਰ ਤੋਂ ਐਤਵਾਰ ਸਵੇਰੇ 8 ਵਜੇ - ਸ਼ਾਮ 4 ਵਜੇ ਤੱਕ, ਸਿਡਨੀ ਦੇ ਸਮੇਂ ਅਨੁਸਾਰ)।

ਜੇ ਤੁਹਾਨੂੰ ਭਾਵਨਾਤਮਕ ਅਤੇ ਮਨੋਵਿਗਿਆਨਕ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੀ ਗਾਹਕ ਸਹਾਇਤਾ ਸੇਵਾ ਨੂੰ 1300 360 793 ਉੱਤੇ ਫੋਨ ਕਰੋ ਅਤੇ ਮੁਲਾਕਾਤ ਤਹਿ ਕਰੋ।
ਗਾਹਕ ਸਹਾਇਤਾ ਸੇਵਾ ਛੋਟੀ ਮਿਆਦ, ਗੁਪਤ ਟੈਲੀਫੋਨ ਸਲਾਹ-ਮਸ਼ਵਰੇ ਦੀ ਸੇਵਾ ਹੈ ਜੋ ਆਸਟ੍ਰੇਲੀਆ ਵਿੱਚ ਸਥਿਤ ਕੌਮਨਵੈਲਥ ਬੈਂਕ ਅਤੇ ਬੈਂਕਵੈਸਟ ਦੇ ਗਾਹਕਾਂ ਲਈ ਉਪਲਬਧ ਹੈ।

ਧੰਨਵਾਦ, ਕੌਮਬੈਂਕ

ਆਮ ਘੁਟਾਲੇ ਦੀਆਂ ਕਿਸਮਾਂ ਦੇ ਸਾਰਾਂਸ਼ ਲਈ ਕਿਰਪਾ ਕਰਕੇ ਸਫ਼ਾ 2 ਵੇਖੋ।

ਕੌਮਨਵੈਲਥ ਬੈਂਕ ਆਫ ਆਸਟ੍ਰੇਲੀਆ ABN 48 123 123 124 AFSL ਅਤੇ ਆਸਟ੍ਰੇਲੀਅਨ ਕ੍ਰੈਡਿਟ ਲਾਇਸੈਂਸ 2349 45

Commonwealth Bank

### ਸੂਚਨਾ ਤਕਨੀਕ(ਇਨਫਰਮੇਸ਼ਨ ਤਕਨਾਲੋਜੀ) ਅਤੇ ਦੂਰੋਂ ਬੈਠ ਕੇ ਪਹੁੰਚ (ਰਿਮੋਟ ਐਕਸੈਸ) ਘੁਟਾਲਿਆਂ ਲਈ

**ਤੁਸੀਂ ਕਰ ਸਕਦੇ ਹੋ:**

- ਕਿਸੇ ਵਿੱਤੀ ਸੰਸਥਾ, ਦੂਰਸੰਚਾਰ ਕੰਪਨੀ ਜਾਂ ਆਈ ਟੀ ਹੈਲਪਡੈਸਕ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਤੋਂ ਚੀਜ਼ਾਂ ਜਾਂ ਸੇਵਾਵਾਂ ਵੇਚਣ ਲਈ ਫੋਨ ਆਉਂਦਾ ਹੈ। ਉਹਨਾਂ ਕੋਲ ਪਹਿਲਾਂ ਹੀ ਤੁਹਾਡੇ ਵੇਰਵੇ ਹੋ ਸਕਦੇ ਹਨ।
- ਕਿਸੇ ਪ੍ਰੋਗਰਾਮ ਨੂੰ ਇੰਸਟਾਲ ਕਰਨ ਜਾਂ ਕਿਸੇ ਵਿਸ਼ੇਸ਼ ਕੋਡ ਪੜ੍ਹਨ ਲਈ ਕਿਹਾ ਜਾਵੇ। ਇਸ ਤਕਨੀਕ ਦੀ ਵਰਤੋਂ ਅਕਸਰ ਰਿਮੋਟ ਐਕਸੈਸ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ ਤਾਂ ਜੋ ਘਪਲੇਬਾਜ਼ ਤੁਹਾਡੇ ਡਿਵਾਈਸ ਨੂੰ ਵੇਖ ਅਤੇ ਕੰਟਰੋਲ ਕਰ ਸਕੇ।
- ਅਪਰਾਧੀਆਂ ਨੂੰ ਫੜਨ ਵਿੱਚ ਸਹਾਇਤਾ ਕਰਨ ਲਈ ਸੰਪਰਕ ਕੀਤਾ ਜਾਵੇ।

### ਨਿਵੇਸ਼ ਅਤੇ ਨੌਕਰੀ ਘੁਟਾਲੇ

**ਤੁਹਾਨੂੰ ਸ਼ਾਇਦ:**

- ਨਿਵੇਸ਼ ਉਤਪਾਦਾਂ ਜਿਵੇਂ ਕਿ ਸ਼ੇਅਰਾਂ ਜਾਂ ਕ੍ਰਿਪਟੋਕਰੰਸੀ ਦੀ ਪੇਸ਼ਕਸ਼ ਕੀਤੀ ਜਾਵੇ ਜੋ ਤੁਹਾਡੇ ਨਿਵੇਸ਼ ਉੱਤੇ ਵਾਪਸੀ ਦੀ ਬਹੁਤ ਵਧੀਆ ਦਰ ਦੀ ਗਰੰਟੀ ਦਿੰਦੇ ਹਨ।
- ਕੰਮ ਦਾ ਮੌਕਾ ਦਿੱਤਾ ਜਾਵੇ ਜੋ ਸੱਚ ਹੋਣ ਲਈ ਬਹੁਤ ਵਧੀਆ ਲੱਗਦਾ ਹੈ। ਇਸ ਵਿੱਚ ਕਿਸੇ ਕਾਰੋਬਾਰ ਜਾਂ ਉਨ੍ਹਾਂ ਦੇ "ਗਾਹਕਾਂ" ਤੋਂ ਫੰਡ ਪ੍ਰਾਪਤ ਕਰਨਾ ਅਤੇ ਉਨ੍ਹਾਂ ਫੰਡਾਂ ਨੂੰ ਅੱਗੇ ਤਬਦੀਲ ਕਰਨਾ ਸ਼ਾਮਲ ਹੋ ਸਕਦਾ ਹੈ।
- ਦੂਜਿਆਂ ਨੂੰ ਨੌਕਰੀ ਜਾਂ ਨਿਵੇਸ਼ ਵਿੱਚ ਭਰਤੀ ਕਰਨ ਲਈ ਕਿਹਾ ਜਾਵੇ।

### ਰਿਸ਼ਤੇ ਦੇ ਘੁਟਾਲੇ

**ਤੁਸੀਂ ਸ਼ਾਇਦ:**

- ਕਿਸੇ ਅਜਿਹੇ ਵਿਅਕਤੀ ਨਾਲ ਰਿਸ਼ਤਾ ਬਣਾਇਆ ਹੈ ਜਿਸ ਨੂੰ ਤੁਸੀਂ ਔਨਲਾਈਨ ਡੇਟਿੰਗ ਜਾਂ ਸੋਸ਼ਲ ਮੀਡੀਆ ਰਾਹੀਂ ਮਿਲੇ ਹੋ ਜੋ ਹੁਣ ਤੁਰੰਤ ਪੈਸੇ ਦੀ ਮੰਗ ਕਰ ਰਿਹਾ ਹੈ।
- ਅੰਤਰਰਾਸ਼ਟਰੀ ਪੈਸੇ ਭੇਜਣ (ਆਈ ਐਮ ਟੀ) ਲਈ ਰਜਿਸਟਰ ਕਰਨ ਲਈ ਕਿਹਾ ਜਾਵੇ, ਅਤੇ ਇਸ ਬਾਰੇ ਹਿਦਾਇਤ ਦਿੱਤੀ ਜਾਵੇ ਕਿ ਪੈਸੇ ਵਿਦੇਸ਼ਾਂ ਵਿੱਚ ਕਿਵੇਂ ਭੇਜਣੇ ਹਨ। ਆਈ ਐਮ ਟੀ ਵੇਰਵੇ ਪ੍ਰਾਪਤ ਕਰਨ ਵਾਲੇ ਦੇ ਵੇਰਵਿਆਂ ਨਾਲ ਮੇਲ ਨਹੀਂ ਖਾਂਦੇ ਹਨ।

### ਅਣਕਿਆਸੇ ਪੈਸੇ ਵਾਲੇ ਘੁਟਾਲੇ

**ਤੁਸੀਂ ਸ਼ਾਇਦ:**

- ਲਾਟਰੀ ਵਿੱਚ ਜਿੱਤ, ਵਿਰਾਸਤ ਜਾਂ ਇਸ ਤਰ੍ਹਾਂ ਦੀ ਕੋਈ ਚਿੱਠੀ, ਈਮੇਲ, ਫੋਨ ਜਾਂ ਪੌਪ-ਅੱਪ ਆਪਣੇ ਕੰਪਿਊਟਰ ਉੱਤੇ ਪ੍ਰਾਪਤ ਕਰੋਗੇ।
- ਇਹ ਦੱਸਿਆ ਜਾਵੇ ਕਿ ਤੁਸੀਂ ਪੈਸੇ ਦੇ ਹੱਕਦਾਰ ਹੋ ਪਰ ਪੈਸੇ ਜਾਰੀ ਕਰਨ ਲਈ ਤੁਹਾਨੂੰ ਪਹਿਲਾਂ ਭੁਗਤਾਨ ਕਰਨਾ ਚਾਹੀਦਾ ਹੈ, ਜਿਵੇਂ ਕਿ ਕਾਨੂੰਨੀ ਫੀਸਾਂ।

### ਧਮਕੀਆਂ ਅਤੇ ਜੁਰਮਾਨਾ ਘੁਟਾਲੇ

**ਤੁਹਾਨੂੰ ਸ਼ਾਇਦ:**

- ਬੈਂਕ ਧੋਖਾਧੜੀ ਦੇ ਕਰਮਚਾਰੀ, ਪੁਲਿਸ, ਇਮੀਗ੍ਰੇਸ਼ਨ, ਜਾਂ ਏ ਟੀ ਓ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦੁਆਰਾ ਸੰਪਰਕ ਕੀਤਾ ਜਾਵੇ।
- ਤੁਹਾਨੂੰ ਦੱਸਿਆ ਜਾਵੇ ਕਿ ਤੁਹਾਡੇ ਬਿਨਾਂ ਭੁਗਤਾਨ ਕੀਤੇ ਬਿੱਲ/ਜੁਰਮਾਨੇ ਜਾਂ ਟੈਕਸ ਬਕਾਇਆ ਹਨ।
- ਜੇ ਤੁਸੀਂ ਭੁਗਤਾਨ ਨਹੀਂ ਕਰਦੇ ਤਾਂ ਜੇਲ੍ਹ ਜਾਂ ਦੇਸ਼ ਨਿਕਾਲੇ ਵਰਗੀ ਸਜ਼ਾ ਦੀ ਧਮਕੀ ਦਿੱਤੀ ਜਾਵੇ।

### ਝੂਠੇ ਚਲਾਨ/ ਹੇਰਾਫੇਰੀ ਵਾਲੀ ਈਮੇਲ ਵਾਲੇ ਘੁਟਾਲੇ

**ਤੁਸੀਂ ਸ਼ਾਇਦ:**

- ਕਿਸੇ ਨਵੇਂ ਖਾਤੇ ਰਾਹੀਂ ਕਿਸੇ ਸਥਾਪਤ ਸਪਲਾਇਰ ਨੂੰ ਭੁਗਤਾਨ ਕਰਨ ਲਈ ਨੋਟਿਸ ਜਾਂ ਚਲਾਨ ਪ੍ਰਾਪਤ ਕਰਦੇ ਹੋ।
- ਆਪਣੇ ਸਪਲਾਇਰ ਤੋਂ ਨੋਟਿਸ ਪ੍ਰਾਪਤ ਕਰਦੇ ਹੋ ਕਿ ਉਹਨਾਂ ਨੂੰ ਕਦੇ ਭੁਗਤਾਨ ਨਹੀਂ ਮਿਲਿਆ।

### ਖਰੀਦਣਾ/ਵੇਚਣਾ

**ਤੁਸੀਂ ਸ਼ਾਇਦ:**

- ਔਨਲਾਈਨ ਸਾਮਾਨ ਖਰੀਦਦੇ ਹੋ ਅਤੇ ਪਰ ਭੁਗਤਾਨ ਕਰਨ ਤੋਂ ਬਾਅਦ ਸਾਮਾਨ ਨਹੀਂ ਮਿਲਦਾ ਹੈ।
- ਕਤੂਰਾ/ਪਾਲਤੂ ਜਾਨਵਰ ਨੂੰ ਔਨਲਾਈਨ ਖਰੀਦਦੇ ਹੋ ਪਰ ਭੁਗਤਾਨ ਕਰਨ ਤੋਂ ਬਾਅਦ ਪਾਲਤੂ ਜਾਨਵਰ ਨਹੀਂ ਮਿਲਦਾ ਹੈ।

### ਜਾਅਲੀ ਦਾਨ ਸੰਸਥਾਵਾਂ (ਚੈਰਿਟੀਆਂ)

**ਤੁਹਾਨੂੰ ਸ਼ਾਇਦ:**

- ਕਿਸੇ ਦਾਨ ਸੰਸਥਾ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਜਾਂ ਬਿਮਾਰ ਬੱਚੇ ਦੀ ਮਦਦ ਕਰਨ ਲਈ ਪੈਸੇ ਦੀ ਲੋੜ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦੁਆਰਾ ਸੰਪਰਕ ਕੀਤਾ ਜਾਵੇ।